# 1987 ਵਿੱਚ ਬੀ ਐੱਸ ਪੀ ਨੇਤਾ ਸ਼੍ਰੀ ਕਾਂਸ਼ੀ ਰਾਮ ਦੀ ਅੰਗ੍ਰੇਜ਼ੀ ਰਸਾਲੇ ਨਾਲ ਇੱਕ ਅਹਿਮ ਮੁਲਾਕਾਤ

ਅਨੁਵਾਦ-ਡਾ: ਅਮਰੀਕ ਸਿੰਘ

8 ਮਾਰਚ 1987 ਨੂੰ ਅੰਗ੍ਰੇਜ਼ੀ ਰਸਾਲੇ ਇਲੱਸਟਰੇਟਿਡ ਵੀਕਲੀ ਇੰਡੀਆ, ਮੁੰਬਈ ਵਿੱਚ ਪੰਜਾਬ ਦੇ ਜੰਮਪਲ ਨੇਤਾ ਸ਼੍ਰੀ ਕਾਂਸ਼ੀ ਰਾਮ ਦੀ ਇੱਕ ਇੰਟਰਵੀਊ ਛੱਪੀ ਸੀ। ਉਸ ਦਾ ਪੰਜਾਬੀ ਉਲਥਾ ਪਾਠਕਾਂ ਲਈ ਪੇਸ਼ ਹੈ। ਜਿਵੇਂ ਕਿ ਸਭ ਜਾਣਦੇ ਹਨ ਕਿ ਕਾਂਸ਼ੀ ਰਾਮ ਦਾ 1984 ਤੋ ਬਾਅਦ ਸਿਆਸਤ ਵਿੱਚ ਖੁਲ੍ਹ ਕੇ ਆਉਣਾ ਇੱਕ ਕ੍ਰਾਂਤੀਕਾਰੀ ਕਾਰਜ ਸੀ। ਭਾਰਤੀ ਰਾਜਨੀਤੀ ਦੀ ਰੂਪ ਰੇਖਾ ਮੁੱਢ ਤੋਂ ਹੀ ਬਦਲ ਗਈ। ਉੱਚ ਜਾਤੀਆਂ ਤੇ ਸਰਮਾਏਦਾਰਾਂ ਦੀ ਅਗਵਾਈ ਥੱਲੇ ਚਲ ਰਹੀਆਂ ਸਿਆਸੀ ਪਾਰਟੀਆਂ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਤਕਰੀਬਨ ਦੋ ਦਹਾਕੇ ਕਿਸੇ ਇੱਕ ਪਾਰਟੀ ਨੂੰ ਬਹੁਮੱਤ ਲੈਣਾ ਅਸੰਭਵ ਹੋ ਗਿਆ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਤਾਨਾਸ਼ਾਹ ਵਾਂਗ ਸੀ, ਜਿਸ ਨੇ 1985 ਦੀਆਂ ਲੋਕ ਸਭਾ ਚੋਣਾਂ ਵਿੱਚ 537 ਸੀਟਾਂ ਵਿਚੋਂ 411 ਤੇ ਜਿੱਤ ਪ੍ਰਾਪਤ ਕਰਕੇ ਇੱਕ ਨਵਾਂ ਇਤਿਹਾਸ ਸਿਰਜਿਆ ਸੀ।

ਇਹ ਮੁਲਾਕਾਤ ਇਹ ਦਰਸਾਉਂਦੀ ਹੈ ਕਿ ਸ਼੍ਰੀ ਕਾਂਸ਼ੀ ਰਾਮ ਕਿੰਨੇ ਸੁਚੇਤ, ਨਿਡਰ ਅਤੇ ਅਗਾਂਹਵਧੂ ਨੇਤਾ ਸਨ। ਉਹਨਾਂ ਦੇ ਰਾਹ ਵਿੱਚ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ। ਉਨ੍ਹਾਂ ਨੂੰ ਸੀ ਆਈ ਏ ਦੇ ਏਜੰਟ ਹੋਣ ਦਾ, ਅੱਤਵਾਦੀ ਸੰਗਠਨਾ ਤੋਂ ਮਦਦ ਲੈਣ ਦਾ ਅਪਰਾਧੀ, ਤੇ ਹਿੰਸਾ ਪ੍ਰਚਾਰਣ ਤੇ ਬਾਹਰਲੇ ਦੇਸ਼ਾਂ ਤੋਂ ਧਨ ਇਕੱਠਾ ਕਰਨ ਦਾ ਦੋਸ਼ੀ ਤੱਕ ਕਰਾਰ ਦਿੱਤਾ ਜਾਂਦਾ ਰਿਹਾ।

ਪਰ ਉਨ੍ਹਾਂ ਨੇ ਅਪਣੀ ਸੋਚ ਨੂੰ ਸਾਰੇ ਭਾਰਤ ਵਿੱਚ ਬੇਝਿਜਕ ਹੋ ਕੇ ਫ਼ੈਲਾਇਆ। ਅੱਜ ਦੇਸ਼ ਦੀ ਸਭ ਤੋਂ ਅਹਿਮ ਸਟੇਟ ਯੂਪੀ ਵਿੱਚ ਉਹਦੀ ਪਾਰਟੀ ਦੀ ਸਰਕਾਰ ਕਾਇਮ ਹੈ। ਉਨ੍ਹਾਂ ਮੁਤਾਬਿਕ ਖੜੋਤ (status quo) ਪੱਛੜੇ ਵਰਗਾਂ ਲਈ ਸਰਾਪ ਦੀ ਤਰ੍ਹਾਂ ਹੈ। ਇਸ ਦਾ ਮਤਲਬ ਹੈ ਗਰੀਬ ਗਰੀਬ ਰਹੇ ਤੇ ਸ਼ੁਦਰ ਸ਼ੁਦਰ। ਉਹ ਹਜ਼ਾਰਾਂ ਸਾਲਾਂ ਤੋਂ ਜਾਤਾਂ ਦੇ ਬੰਧਨਾਂ ਤੋਂ ਮੁਕਤੀ ਪਾਉਣ ਦਾ ਹੌਂਸਲਾ ਨਾ ਕਰਨ। ਸਾਰੀਆਂ ਵੱਡੀਆਂ ਪਾਰਟੀਆਂ ਖੜੋਤ ਦੀਆਂ ਹੀ ਪਹਿਰੇਦਾਰ ਹਨ। ਇਸੇ ਕਰਕੇ ਅਹਿੰਸਾ ਨੂੰ ਪ੍ਰਚਾਰਣ ਲਈ ਜ਼ੋਰ ਤਾਂ ਲਾਇਆ ਜਾਂਦਾ ਹੈ ਪਰ ਅਮਲ ਵਿੱਚ ਹਿੰਸਾ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਹੇਠ ਲਿਖੀ ਮੁਲਾਕਾਤ ਪਾਠਕਾਂ ਲਈ ਪੇਸ਼ ਹੈ:

**ਸਵਾਲ: ਤੁਸੀਂ ਸਾਰੀਆਂ ਰਾਸ਼ਟਰੀ ਪਾਰਟੀਆਂ, ਖਾਸ ਕਰਕੇ ਕਮਿਉਨਿਸਟ ਪਾਰਟੀਆਂ, ਦੇ ਏਨੇ ਖਿਲਾਫ਼ ਕਿਉਂ ਹੋ ?**

ਕਾਂਸ਼ੀ ਰਾਮ: ਮੇਰੀ ਸਮਝ ਮੁਤਾਬਿਕ, ਸਾਰੀਆਂ ਪਾਰਟੀਆਂ ਖੜੋਤ (status quo) ਦੀ ਪ੍ਰਤੀਨਿਧਤਾ ਕਰਦੀਆਂ ਹਨ। ਸਾਡੇ ਲਈ ਪਰਿਵਰਤਨ ਦੀ ਸਿਆਸਤ ਹੀ ਅਸਲੀ ਸਿਆਸਤ ਹੈ। ਮੌਜੂਦਾ ਪਾਰਟੀਆਂ ਖੜੋਤ ਦਾ ਵੱਡਾ ਕਾਰਣ ਹਨ। ਇਸੇ ਕਰਕੇ ਪੱਛੜੇ ਸਮਾਜ ਵਿਚ ਫੈਸਲਾਕੁੰਨ ਤਰੱਕੀ ਨਹੀ ਹੋਈ। ਬੀ ਜੇ ਪੀ ਹੋਰਾਂ ਨਾਲੋਂ ਇਸ ਕਰਕੇ ਬਿਹਤਰ ਹੈ ਕਿ ਉਹ ਕਦੇ ਤਬਦੀਲੀ ਲਿਆਉਣ ਨੂੰ ਮੁੱਦਾ ਬਣਾਉਂਦੀ ਹੀ ਨਹੀਂ। ਇਸੇ ਕਰਕੇ ਲੋਕਾਂ ਨਾਲ ਕੋਈ ਲਾਰਾ ਲੱਪਾ ਹੈ ਹੀ ਨਹੀਂ। ਇਸ ਦੇ ਉਲਟ ਕਾਂਗਰਸ ਤੇ ਕਮਿਉਨਿਸਟ ਗਰੀਬੀ ਨੂੰ ਖਤਮ ਕਰਨ ਦੀਆਂ ਗਲਾਂ ਕਰਦੇ ਹਨ, ਪਰ ਅਸਲ ਵਿੱਚ ਉਹ ਗਰੀਬਾਂ ਨੂੰ ਗਰੀਬ ਰੱਖਣ ਲਈ ਹੀ ਕੰਮ ਕਰਦੇ ਹਨ। ਜੇ ਇਹ ਗਰੀਬਾਂ ਨੂੰ ਗਰੀਬ ਨਾ ਰੱਖਣ, ਤਾਂ ਅਪਣੀਆਂ ਕੁਰਸੀਆਂ ਤੇ ਕਾਇਮ ਨਹੀਂ ਰਹਿ ਸਕਦੇ।

**ਸਵਾਲ: ਕਾਂਗਰਸ ਦੀ 100 ਵਰ੍ਹੇਗੰਢ ਸਮੇ ਅਰੁਨ ਸਿੰਘ ਨੇ ਕਿਹਾ ਸੀ ਕਿ ਤੁਹਾਡਾ ਸਿਆਸਤ ਵਿੱਚ ਆਉਣਾ ਰਾਸ਼ਟਰੀ ਸ਼ਿਸ਼ਟਾਚਾਰ ਲਈ ਸਿਹਤਮੰਦ ਨਹੀਂ ਹੈ।**

ਕਾਂਸ਼ੀ ਰਾਮ: ਉਹ ਮਹਾਰਾਜੇ ਦਾ ਪੋਤਾ ਹੈ ਜਿਹਨੂੰ ਰਾਸ਼ਟਰੀ ਹਿੱਤਾਂ ਦਾ ਕਦੇ ਵੀ ਧਿਆਨ ਨਹੀਂ ਆਇਆ। ਉਹਦੇ ਲਈ ਰਾਸ਼ਟਰਵਾਦ ਸਰਮਾਏਦਾਰੀ ਤੇ ਜਗੀਰਦਾਰੀ ਹੈ। ਮੇਰੇ ਲਈ ਰਾਸ਼ਟਰਵਾਦ ਦੇਸ਼ ਦੇ ਲੋਕ ਹਨ। ਮੈਨੂੰ ਇੰਜ ਜਾਪਦਾ ਹੈ ਕਿ ਭਾਰਤ ਵਿੱਚ ਦੋ ਤਰ੍ਹਾਂ ਦਾ ਰਾਸ਼ਟਰਵਾਦ ਹੈ। ਇੱਕ ਉਹਨਾਂ ਦਾ ਜੋ ਸ਼ੋਸਣ ਕਰਦੇ ਹਨ ਤੇ ਦੂਜਾ ਉਹਨਾਂ ਦਾ ਜਿਹਨਾਂ ਤੇ ਸ਼ੋਸਣ ਕੀਤਾ ਜਾਂਦਾ ਹੈ। ਮਹਾਰਾਜੇ ਦੇ ਪੋਤੇ ਨੂੰ ਕੀ ਪਤਾ ਕਿ ਰਾਸ਼ਟਰਵਾਦ ਕੀ ਹੁੰਦਾ ਹੈ ? ਅਰੁਨ ਸਿੰਘ ਤੋ ਅਸੀਂ ਹੋਰ ਕੀ ਆਸ ਵੀ ਕੀ ਕਰ ਸਕਦੇ ਹਾਂ ?

**ਸਵਾਲ: ਤੁਹਾਡੇ ਪਾਰਟੀ ਕਾਰਕੁੰਨ ਮਹਾਤਮਾ ਗਾਂਧੀ ਦੇ ਏਨੇ ਵਿਰੁਧ ਕਿਉਂ ਹਨ ?**

ਕਾਂਸ਼ੀ ਰਾਮ: ਗਾਂਧੀ ਸਾਰੇ ਝਗੜਿਆਂ ਦੀ ਜੜ੍ਹ ਸੀ। ਮੈਂ ਤਬਦੀਲੀ ਚਾਹੁੰਦਾ ਹਾਂ। ਡਾ: ਅੰਬੇਦਕਰ ਤਬਦੀਲੀ ਚਾਹੁੰਦਾ ਸੀ। ਪਰ ਗਾਂਧੀ ਖੜੋਤ ਦਾ ਪਹਿਰੇਦਾਰ ਸੀ। ਉਹ ਸ਼ੁਦਰਾਂ ਨੂੰ ਸ਼ੁਦਰ ਹੀ ਰੱਖਣਾ ਚਾਹੁੰਦਾ ਸੀ। ਗਾਂਧੀ ਨੇ ਰਾਸ਼ਟਰ ਨੂੰ ਵੰਡ ਕੇ ਰੱਖਣ ਦਾ ਹੀ ਪ੍ਰਬੰਧ ਕੀਤਾ। ਅਸੀਂ ਰਾਸ਼ਟਰ ਨੂੰ ਜੋੜਨ ਦਾ ਕੰਮ ਕਰਦੇ ਹਾਂ ਤੇ ਸਾਰੀਆਂ ਨਕਲੀ ਵੰਡਾਂ ਨੂੰ ਖਤਮ ਕਰਨਾ ਚਾਹੁੰਦੇ ਹਾਂ।

**ਸਵਾਲ: ਤੁਹਾਡੇ ਸੰਘਰਸ਼ ਨੂੰ ਅਮਲੀ ਰੂਪ ਅਖਤਿਆਰ ਕਰਨ ਲਈ ਇਤਨਾ ਸਮਾਂ ਕਿਉਂ ਲਗਿਆ ?**

ਕਾਂਸ਼ੀ ਰਾਮ: 1971 ਤੱਕ ਮੇਰੀ ਕੋਈ ਦਿਲਚਸਪੀ ਨਹੀਂ ਸੀ। ਮੈ ਆਰ ਪੀ ਆਈ ਨਾਲ਼ ਕੰਮ ਕਰ ਰਿਹਾ ਸੀ। ਮੈਨੂੰ ਇੰਜ ਜਾਪਿਆ ਜਿਵੇਂ ਕਿ ਮੈਂ ਉਸ ਬੇੜੇ ਵੱਲ ਵੱਧ ਰਿਹਾ ਹਾਂ ਜਿਸ ਨੂੰ ਬਾਕੀ ਸਭ ਛੱਡ ਰਹੇ ਹਨ। ਮੈਨੂੰ ਅਪਣੇ ਆਪ ਤੇ ਦੂਜਿਆਂ ਨੂੰ ਤਿਆਰ ਕਰਨ ਲਈ ਬਹੁਤ ਸਮਾਂ ਲਗਿਆ। ਸਾਨੂੰ ਬਹੁਤ ਸੂਚਨਾ ਸਮੱਗਰੀ ਇਕੱਠੀ ਕਰਨੀ ਪਈ ਤਾਂ ਕਿ ਸਾਨੂੰ ਪਤਾ ਲਗ ਸਕੇ ਕਿ ਸਮਾਜ ਨੂੰ ਕਿਵੇਂ ਬਣਾਉਣਾ ਹੈ ਤੇ ਕਿਵੇਂ ਪਾਰਟੀ ਨੂੰ ਖੜ੍ਹਾ ਕਰਨਾ ਹੈ। ਸਮਾਜ ਬਣਾਉਣ ਨੂੰ ਵੱਧ ਸਮਾਂ ਲਗਿਆ। ਹੁਣ ਅਸੀਂ ਬਹੁਤ ਰਫ਼ਤਾਰ ਨਾਲ਼ ਚੱਲ ਰਹੇ ਹਾਂ। ਅਗਲੇ ਸਾਲ ਜਦੋਂ ਤੁਸੀਂ ਮੈਨੂੰ ਮਿਲੋਂਗੇ ਤਾਂ ਪੁਛੋਂਗੇ ਕਿ ਅਸੀਂ ਇਤਨੀ ਰਫ਼ਤਾਰ ਕਿਵੇਂ ਫ਼ੜੀ ?

**ਸਵਾਲ: ਤੁਸੀਂ ਜਾਤ-ਪ੍ਰਬੰਧ ਨੂੰ ਕਿਵੇਂ ਤੋੜੋਗੇ ਜਦੋਂ ਤੁਸੀਂ ਜਾਤ-ਆਧਾਰਿਤ ਹੀ ਪਾਰਟੀ ਬਣਾ ਲਈ ਹੈ ?**

ਕਾਂਸ਼ੀ ਰਾਮ: ਬੀ ਐੱਸ ਪੀ ਜਾਤਵਾਦੀ ਪਾਰਟੀ ਨਹੀਂ ਹੈ। ਜੇ ਅਸੀਂ 6000 ਜਾਤਾਂ ਨੂੰ ਜੋੜਨ ਦਾ ਕੰਮ ਕਰ ਰਹੇ ਹਾਂ ਤਾਂ ਤੁਸੀਂ ਸਾਨੂੰ ਜਾਤਵਾਦੀ ਕਿਵੇਂ ਕਹਿ ਸਕਦੇ ਹੋ ?

**ਸਵਾਲ: ਮੈਨੂੰ ਲਗਦਾ ਹੈ ਕਿ ਤੁਸੀਂ ਉਪਰਲੀਆਂ ਜਾਤਾਂ ਲਈ ਹਦੋਂ ਵੱਧ ਵਿਤਕਰਾ ਕਰਦੇ ਹੋ ?**

ਕਾਂਸ਼ੀ ਰਾਮ: ਉਪਰਲੀਆਂ ਜਾਤਾਂ ਵਾਲ਼ੇ ਕਹਿੰਦੇ ਹਨ ਕਿ ਸਾਨੂੰ ਵੀ ਰਲਾਓ। ਮੈਂ ਕਹਿੰਦਾ ਹਾਂ ਕਿ ਤੁਸੀਂ ਤਾਂ ਸਾਰੀਆਂ ਪਾਰਟੀਆਂ ਦੀ ਅਗਵਾਈ ਕਰ ਰਹੇ ਹੋ। ਜੇ ਤੁਸੀਂ ਇਸ ਪਾਰਟੀ ਵਿੱਚ ਵੀ ਆ ਗਏ ਤਾਂ ਤੁਸੀਂ ਤਬਦੀਲੀ ਰੋਕ ਦੇਵੋਂਗੇ। ਉੱਚ ਜਾਤੀਆਂ ਵਾਲ਼ੇ ਪਾਰਟੀ ਵਿੱਚ ਤਾਂ ਆ ਸਕਦੇ ਹਨ, ਪਰ ਇਸ ਦੇ ਨੇਤਾ ਨਹੀਂ ਬਣ ਸਕਦੇ। ਅਗਵਾਈ ਸਿਰਫ਼ ਪੱਛੜੀਆਂ ਜਾਤਾਂ ਦੇ ਹੱਥ ਵਿੱਚ ਹੀ ਰਹੇਗੀ। ਮੈਨੂੰ ਡਰ ਹੈ ਕਿ ਉਹ ਆ ਕੇ ਸਾਰੀ ਤਬਦੀਲੀ ਰੋਕ ਦੇਣਗੇ। ਜਦੋਂ ਇਹ ਡਰ ਚਲਾ ਗਿਆ ਤਾਂ ਉਹ ਇਸ ਪਾਰਟੀ ਵਿੱਚ ਆ ਸਕਦੇ ਹਨ।



**ਸਵਾਲ: ਤੁਹਾਡਾ ਹਲਕਾ ਕਿਹੜਾ ਹੈ ?**

ਕਾਂਸ਼ੀ ਰਾਮ: ਮੈਂ ਬਾਬੂ ਜਗਜੀਵਨ ਰਾਮ ਅਤੇ ਚੌਧਰੀ ਚਰਨ ਸਿੰਘ ਤੇ ਕੁੱਝ ਹੱਦ ਤੱਕ ਸ਼ਾਇਦ ਸਾਹਬੂਦੀਨ ਦੇ ਹਲਕਿਆਂ ਦੀ ਪ੍ਰਤੀਨਿਧਤਾ ਕਰਦਾ ਹਾਂ।

**ਸਵਾਲ: ਦਿੱਲੀ ਦੇ ਸਿਰਕੱਢ ਆਗੂ ਤੇ ਸਿਆਸਤਦਾਨ ਜਿਹਨਾਂ ਨਾਲ ਅਸੀਂ ਗੱਲ ਕੀਤੀ ਉਹ ਕਹਿੰਦੇ ਸਨ ਕਿ ਜੇਕਰ ਬੀ ਐੱਸ ਪੀ ਬਹੁਤੀ ਹਮਲਾਵਰ ਬਣ ਗਈ ਤਾਂ ਅਸੀਂ ਸਿਆਸੀ ਤੌਰ ਤੇ ਖਤਮ ਕਰ ਦੇਵਾਂਗੇ ?**

ਕਾਂਸ਼ੀ ਰਾਮ: ਅਸੀਂ ਉਨ੍ਹਾਂ ਨੂੰ ਖਤਮ ਕਰ ਦੇਵਾਂਗੇ, ਕਿਉਂਕਿ ਜੇਕਰ ਇੰਦਰਾ ਗਾਂਧੀ ਨੂੰ ਇੱਕ ਚਮਾਰ ਮਾਰ ਸਕਦਾ ਹੈ, ਤਾਂ ਇਹ ਲੋਕ ਕਿਵੇਂ ਬਚ ਸਕਣਗੇ ? ਜਦੋਂ ਅਸੀਂ 90× ਫ਼ੌਜ ਵਿੱਚ ਹਾਂ, 70× ਬੀ ਐੱਸ ਪੀ ਵਿੱਚ ਹਾਂ ਤੇ 50× ਪੁਲਿਸ ਤੇ ਸੀ ਆਰ ਪੀ ਵਿੱਚ ਹਾਂ ਤਾਂ ਸਾਡੇ ਨਾਲ਼ ਕਿਹੜਾ ਬੇਇਨਸਾਫ਼ੀ ਕਰ ਸਕਦਾ ਹੈ ? ਇੱਕ ਜਰਨੈਲ/ਆਗੂ ਨੂੰ ਮਾਰਨ ਲਈ ਸਿਪਾਹੀਆਂ ਨਾਲੋਂ ਘੱਟ ਗੋਲੀਆਂ ਦੀ ਲੋੜ ਹੁੰਦੀ ਹੈ। ਅਜਿਹੇ ਦਿੱਲੀ ਦੇ ਸਿਆਸਤਦਾਨਾਂ ਕੋਲ਼ ਜਰਨੈਲ ਤਾਂ ਹੋ ਸਕਦੇ ਹਨ ਪਰ ਜਵਾਨ/ਸਿਪਾਹੀ ਨਹੀਂ।

**ਸਵਾਲ: ਇਸ ਦਾ ਮਤਲਬ ਤੁਸੀਂ ਅੱਖ ਦੇ ਬਦਲੇ ਅੱਖ ਕੱਢਣ ਦੀ ਗੱਲ ਕਰਦੇ ਹੋ ?**

ਕਾਂਸ਼ੀ ਰਾਮ: ਇੱਕ ਨਹੀਂ, ਦੋ ਅੱਖਾਂ। ਮੈਂ ਆਪਣੇ ਚੇਲਿਆਂ ਨੂੰ ਕਹਿੰਦਾ ਹਾਂ ਕਿ ਇੱਕ ਇੱਟ ਦਾ ਜਵਾਬ ਦੋ ਪੱਥਰਾਂ ਨਾਲ਼ ਦੇਵੋ। ਨਹੀਂ ਤਾਂ ਤੁਸੀਂ ਮੇਰੇ ਚੇਲੇ ਨਹੀਂ ਹੋ।

**ਸਵਾਲ: ਲੱਗਦਾ ਹੈ ਕਿ ਤੁਸੀਂ ਹਿੰਸਾ ਦਾ ਪ੍ਰਚਾਰ ਕਰਦੇ ਹੋ ?**

ਕਾਂਸ਼ੀ ਰਾਮ: ਮੈ ਤਾਕਤ ਦਾ ਪ੍ਰਚਾਰ ਕਰ ਰਿਹਾ ਹਾਂ। ਹਿੰਸਾ ਨੂੰ ਖਤਮ ਕਰਨ ਲਈ ਮੇਰੇ ਕੋਲ ਤਾਕਤ ਚਾਹੀਦੀ ਹੈ। ਮੇਰੇ ਤੋਂ ਬਿਨਾਂ- ਸ਼ਿਵ ਸੈਨਾ ਨੂੰ ਕੋਈ ਖਤਮ ਨਹੀਂ ਕਰ ਸਕਦਾ। ਜਦੋਂ ਵੀ ਮੈਂ ਮਹਾਂਰਾਸ਼ਟਰਾ ਵਿੱਚ ਆਵਾਂਗਾ, ਸ਼ਿਵ ਸੈਨਾ ਦੀ ਹਿੰਸਾ ਆਪਣੇ ਆਪ ਖਤਮ ਹੋ ਜਾਵੇਗਾ।

**ਸਵਾਲ: ਇਹ ਤੁਸੀਂ ਕਿਵੇਂ ਕਰੋਂਗੇ ?**

ਕਾਂਸ਼ੀ ਰਾਮ: ਸ਼ਿਵ ਸੇਨਾ ਦੇ ਜੋ ਮੈਂਬਰ ਸਾੜ-ਫੂਕ ਤੇ ਤੋੜ-ਭੰਨ ਕਰਦੇ ਹਨ, ਉਹ ਕੌਣ ਹਨ ? ਉਹ ਚਾਰ ਜਾਤਾਂ ਦੇ ਲੋਕ ਹਨ: ਅਗਰੀ, ਭੰਡਾਰੀ, ਕੋਲੀ ਤੇ ਚਮਾਰ। ਇਹ ਸਾਰੀਆਂ ਪੱਛੜੀਆਂ ਜਾਤਾਂ ਹਨ। ਜਿਉਂ ਹੀ ਮੈਂ ਮਹਾਂਰਾਸ਼ਟਰਾ ਵਿੱਚ ਜਾਵਾਂਗਾ ਤੇ ਉਹ ਸਾਰੇ ਮੇਰੇ ਨਾਲ਼ ਹੋਣਗੇ।

**ਸਵਾਲ: ਤੁਹਾਨੂੰ ਕਿਵੇਂ ਲਗਦਾ ਹੈ ਕਿ ਬੀ ਐੱਸ ਪੀ ਨਾਲ ਉਹ ਹਸ਼ਰ ਨਹੀਂ ਹੋਵੇਗਾ ਜੋ ਆਰ ਪੀ ਆਈ ਦਾ ਸੱਤਾਧਾਰੀਆਂ ਨਾਲ ਸ਼ੌਦੇਵਾਜ਼ੀ ਕਰਦੇ ਹੋਏ ਹੋਇਆ ਸੀ ?**

ਕਾਂਸ਼ੀ ਰਾਮ: ਆਰ ਪੀ ਆਈ ਸੌਦੇਬਾਜ਼ੀ ਨਹੀਂ ਕਰਦੀ ਸੀ, ਸਗੋਂ ਉਹ ਤੇ ਭੀਖ ਮੰਗਦੀ ਸੀ। ਸੌਦੇਬਾਜ਼ੀ ਵਾਲੀ ਸਥਿਤੀ ਵਿੱਚ ਤੇ ਉਹ ਆਈ ਹੀ ਨਹੀਂ। 1971 ਵਿੱਚ ਮੈਨੂੰ ਯਾਦ ਹੈ ਕਿ ਉਸ ਨੇ ਕਾਂਗਰਸ ਨਾਲ ਸਮਝੌਤਾ ਕਰਕੇ 521 ਸੀਟਾਂ ਤੇ ਲੜਨ ਦਾ ਫ਼ੈਸਲਾ ਕਰ ਲਿਆ। ਕਾਂਗਰਸ ਨੇ 520 ਸੀਟਾਂ ਤੇ ਚੋਣਾਂ ਲੜੀਆਂ ਤੇ ਰਹਿੰਦੀ ਇੱਕ ਸੀਟ ਤੇ ਆਰ ਪੀ ਆਈ ਨੇ ਲੜੀ। ਮੈ ਆਰ ਪੀ ਆਈ ਨੂੰ ਪਿਆਰ ਕਰਦਾ ਹਾਂ ਪਰ ਉਹਦੇ ਨਾਲ਼ ਤੁਲਨਾ ਕਰਨ ਨੂੰ ਪਸੰਦ ਨਹੀਂ ਕਰਦਾ। ਆਰ ਪੀ ਆਈ ਉਸ ਵੇਸ਼ਵਾ ਦੀ ਤਰ੍ਹਾਂ ਹੈ ਜਿਹੜੀ ਬਹੁਤ ਸਸਤੇ ਭਾਅ ਤੇ ਮੰਨ ਜਾਂਦੀ ਹੈ। ਜਿਨੀ ਦੇਰ ਮੈਂ ਜਿਉਂਦਾ ਹਾਂ, ਬੀ ਐੱਸ ਪੀ ਨਾਲ ਉਹ ਕੁੱਝ ਨਹੀਂ ਹੋਣ ਦੇਵਾਂਗਾ। ਅਸੀਂ ਤਬਦੀਲੀ ਚਾਹੁੰਦੇ ਹਾ। ਅਸੀਂ ਖੜੋਤ ਵਾਲੀਆਂ ਪਾਰਟੀਆਂ ਨਾਲ਼ ਸਮਝੌਤਾ ਨਹੀਂ ਚਾਹੁੰਦੇ। ਜੇਕਰ ਕੋਈ ਸਰਕਾਰ ਸਾਡੀ ਮਦਦ ਤੋਂ ਬਿਨਾਂ ਨਹੀਂ ਬਣਦੀ ਤਾਂ ਸਾਡੀਆਂ ਤਬਦੀਲੀ ਦੇ ਪੱਖ ਵਿੱਚ ਕੁੱਝ ਸ਼ਰਤਾਂ ਹੋਣਗੀਆਂ। ਅਸੀਂ ਮੁੱਢਲੀ ਤਬਦੀਲੀ ਅਤੇ ਢਾਂਚੇ ਨੂੰ ਬਦਲਣ ਲਈ ਕੰਮ ਕਰ ਰਹੇ ਹਾਂ ਨਾਕਿ ਕੋਈ ਦਿਖਾਵੇ ਲਈ।

**ਸਵਾਲ: ਬਹੁਤ ਚਰਚਾ ਹੈ ਕਿ ਤੁਸੀਂ ਪਿਛਲੇ ਨਵੰਬਰ ਨੂੰ ਗੌਂਡਾ ਵਿੱਚ ਹਾਜੀ ਮਸਤਾਨ ਮਿਰਜਾ ਨੂੰ ਮਿਲੇ ਸੀ ਤਾਂ ਕਿ ਉਸ ਤੋਂ ਫੰਡ ਲਏ ਜਾ ਸਕਣ ?**

ਕਾਂਸ਼ੀ ਰਾਮ: ਮੈਂ ਉਹਨੂੰ ਕਦੇ ਨਹੀਂ ਮਿਲਿਆ। ਮੈਂ ਉਹਦੀ ਫ਼ੋਟੋ ਜਰੂਰ ਦੇਖੀ ਹੈ। ਉਹ ਹੋਰ ਲੋਕਾਂ ਨੂੰ ਦਿੰਦਾ ਹੋਵੇਗਾ ਪਰ ਸਾਨੂੰ ਨਹੀਂ। ਅਸਲ ਵਿੱਚ ਉਹਨੂੰ ਸਾਡੇ ਵਿਰੁੱਧ ਵਰਤਿਆ ਜਾ ਰਿਹਾ ਹੈ। ਜੇਕਰ ਕੋਈ ਸਾਬਤ ਕਰ ਦੇਵੇ ਕਿ ਮੈਂ ਉਹਨੂੰ ਮਿਲਿਆ ਸੀ ਤਾਂ ਮੈਂ ਕੋਈ ਵੀ ਸਜਾ ਭੁਗਤਣ ਨੂੰ ਤਿਆਰ ਹਾਂ।

ਹਾਜੀ ਮਸਤਾਨ ਕੋਲ਼ ਕਿੰਨਾ ਪੈਸਾ ਹੋਵੇਗਾ ? ਉਹ ਮੇਰੇ ਮੁਕਾਬਲੇ ਬਹੁਤ ਛੋਟਾ ਆਦਮੀ ਹੈ । ਜਿਥੇ ਤੱਕ ਫ਼ੰਡਾਂ ਦਾ ਸੰਬੰਧ ਹੈ ਜੇਕਰ ਮੇਰੇ ਕੋਲ਼ ਹਾਜੀ ਦੀ ਤਰ੍ਹਾਂ ਨਾਮਾਤਰ ਫ਼ੰਡ ਹੋਣ ਤਾਂ ਮੈਂ ਕਾਂਗਰਸ ਤੇ ਹੋਰ ਪਾਰਟੀਆਂ ਨੂੰ ਕਿਵੇਂ ਹਰਾ ਸਕਦਾ ਹਾਂ ? ਉਹ ਸਾਨੂੰ ਕਿੰਨੇ ਕਰੋੜ ਦੇ ਸਕਦਾ ਹੈ ?

**ਸਵਾਲ: ਤੁਹਾਡੇ ਫ਼ੰਡਾ ਬਾਰੇ ਬਹੁਤ ਭੇਦਭਰੀ ਚੁੱਪ ਹੈ ?**

ਕਾਂਸ਼ੀ ਰਾਮ: ਮੇਰੇ ਫ਼ੰਡ ਕਈ ਸਰੋਤਾਂ ਤੋਂ ਆਉਂਦੇ ਹਨ ਜਿਹੜੇ ਕਦੇ ਵੀ ਮੁਕਣਗੇ ਨਹੀਂ। ਮੇਰੇ ਫ਼ੰਡ ਉਹਨਾਂ ਲੋਕਾਂ ਕੋਲੋਂ ਆਉਂਦੇ ਹਨ ਜਿਹੜੇ ਧਨ ਪੈਦਾ ਕਰਦੇ ਹਨ। ਬਹੁਜਨ ਸਮਾਜ ਧਨ ਪੈਦਾ ਕਰਦਾ ਹੈ। ਮੈਨੂੰ ਪੈਸਾ ਉਥੋਂ ਆਉਂਦਾ ਹੈ। ਮੇਰੇ ਲੱਖਾਂ ਲੋਕ ਕੁੰਭ ਜਿਹੇ ਮੇਲਿਆਂ ਤੇ ਆਪਣਾ ਅਗਲਾ ਜਨਮ-ਸੁਧਾਰਨ ਲਈ ਜਾਂਦੇ ਹਨ। ਮੈ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਕਾਂਸ਼ੀ ਰਾਮ ਤਾਂ ਸਿਰਫ਼ ਇਸ ਜਨਮ ਦਾ ਸੁਧਾਰਕ ਹੈ, ਅਗਲੇ ਜਨਮ ਬਾਰੇ ਉਹਨੂੰ ਕੁੱਝ ਨਹੀਂ ਪਤਾ। ਜਿਹੜੇ ਅਗਲੇ ਜਨਮ ਨੂੰ ਸੁਧਾਰਨ ਦੀਆਂ ਗਲਾਂ ਕਰਦੇ ਹਨ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਗੰਗਾ ਕਿਨਾਰੇ ਬੈਠੇ ਬ੍ਰਾਹਮਨਾਂ ਕੋਲ਼ ਜਾਓ ਜੇ ਤੁਸੀਂ ਇਸ ਜਨਮ ਨੂੰ ਸੁਧਾਰਨਾ ਹੈ ਤਾਂ ਮੇਰੇ ਕੋਲ਼ ਆਓ। ਉਹ ਸਾਰੇ ਮੇਰੇ ਕੋਲ਼ ਆਉਂਦੇ ਹਨ। ਮੇਰੀਆਂ ਮੀਟਿੰਗਾਂ ਵਿੱਚ ਭਾਗ ਲੈਂਦੇ ਹਨ।

**ਸਵਾਲ: ਤੁਹਾਡੇ ਬਾਰੇ ਸੀ ਆਈ ਏ ਦੁਆਰਾ ਸਪੌਂਸਰ ਕੀਤੇ ਜਾਣ ਦੀਆਂ ਗੱਲਾਂ ਵੀ ਹੁੰਦੀਆਂ ਹਨ ?**

ਕਈ ਸਾਲਾਂ ਤੋਂ ਇਹ ਸਰਕਾਰ ਢੰਡੋਰਾ ਪਿੱਟ ਰਹੀ ਹੈ। ਬਿਜਨੌਰ ਵਿੱਚ ਲੱਖਾਂ ਪੈਂਪਲੁਟ ਵੀ ਵੰਡੇ ਹਨ। ਪਰ ਨਤੀਜਾ ਇਹ ਹੋਇਆ ਕਿ ਲੋਕਾਂ ਵਿੱਚ ਨਰਾਜਗੀ ਆਈ। ਉਹ ਖਰੀਦੇ ਨਹੀਂ ਗਏ। ਬਾਬੂ ਜੀ ਨੇ 1000 ਰੁ ਵਿੱਚ ਵੋਟ ਖਰੀਦਣ ਦੀ ਕੋਸ਼ਿਸ ਕੀਤੀ। ਜਿਨ੍ਹਾਂ ਦੀ ਕੀਮਤ 10 ਰੁ ਸੀ, ਉਨ੍ਹਾਂ ਨੇ ਵੀ ਵੋਟ ਦੇਣੋ ਨਾਂਹ ਕਰ ਦਿੱਤੀ। ਜੇਕਰ ਮੈਂ ਸੀ ਆਈ ਏ ਦਾ ਬੰਦਾ ਹਾਂ ਤਾਂ ਸਰਕਾਰ ਮੇਰੇ ਤੇ ਕਾਰਵਾਈ ਕਿਉਂ ਨਹੀਂ ਕਰਦੀ ? ਇਸ ਤੋਂ ਸਾਫ ਹੈ ਕਿ ਇਹ ਹਿਜੜਾ ਸਰਕਾਰ ਹੈ।

**ਸਵਾਲ: ਉਹ ਕਹਿੰਦੇ ਹਨ ਕਿ ਤੁਸੀਂ ਲਖਨਊ ਰੈਲੀ ਤੇ ਬਹੁਤ ਪੈਸਾ ਖਰਚਿਆ ਹੈ ?**

ਕਾਂਸ਼ੀ ਰਾਮ: ਬੱਸਾਂ ਲਈ ਹੀ 22 ਲੱਖ ਖਰਚਿਆ ਗਿਆ ਸੀ। ਪਰ ਮੈ ਨਾਰਾਜ਼ ਹੋਇਆ ਕਿ ਇਹ 22 ਕਰੋੜ ਹੋਣਾ ਚਾਹੀਦਾ ਸੀ। ਇੱਕ ਸਮਾਂ ਆਏਗਾ ਜਦੋਂ ਲੋਕ ਮੇਰੀ ਹਦਾਇਤ ਤੇ 22 ਕਰੋੜ ਵੀ ਖਰਚਣਗੇ। ਮੈਨੂੰ ਪੈਸੇ ਦੀ ਕੋਈ ਘਾਟ ਨਹੀਂ। ਜੇਕਰ ਪੈਸਾ ਖਜਾਨੇ ਵਿੱਚੋਂ ਆਵੇ ਤਾਂ ਉਹ ਵੀ ਖਾਲੀ ਹੋ ਜਾਵੇਗਾ। ਮੈਨੂੰ ਪੈਸਾ ਜਿਉਂਦੇ ਜਾਗਦੇ ਸਰੋਤਾਂ ਤੋਂ ਆ ਰਿਹਾ ਹੈ। ਮੈਨੂੰ 542 ਸੀਟਾਂ ਜਿੱਤਣ ਲਈ ਸਿਰਫ ਇੱਕ ਕਰੋੜ ਹੀ ਚਾਹੀਦਾ ਹੈ। ਇੱਕ ਦਿਨ ਆਵੇਗਾ ਜਦੋਂ ਲੋਕ ਲਾਈਨਾਂ ਵਿੱਚ ਕਾਂਸ਼ੀ ਰਾਮ ਨੂੰ ਪੈਸੇ ਦੇਣ ਲਈ ਖੜ੍ਹੇ ਹੋਣਗੇ। ਅਗਲੇ ਦਿਨ ਉਹ ਲਾਈਨਾਂ ਵਿੱਚ ਵੋਟਾਂ ਪਾਉਣ ਲਈ ਆਉਣਗੇ।

**ਸਵਾਲ: ਕੁੱਝ ਲੋਕ ਤੁਹਾਡੇ ਨਾਲੋਂ ਟੁੱਟ ਗਏ ਹਨ ?**

ਕਾਂਸ਼ੀ ਰਾਮ: ਤੁਸੀਂ ਸਾਰਿਆਂ ਨੂੰ ਹਰ ਵੇਲੇ ਨਾਲ਼ ਨਹੀਂ ਰੱਖ ਸਕਦੇ। ਕੁੱਝ ਤੇ ਥੱਕ ਵੀ ਜਾਂਦੇ ਹਨ। ਕੁੱਝ ਖਰੀਦੇ ਜਾਂਦੇ ਹਨ। ਕੁੱਝ ਡਰ ਜਾਂਦੇ ਹਨ। ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਨਾਲ਼ ਸਾਡੇ ਹੌਂਸਲੇ ਨਹੀਂ ਡਿਗਣਗੇ। ਮੈਂ ਜੋ ਵਿਧੀ ਘੜੀ ਹੈ ਉਹ ਇਹ ਹੈ ਕਿ ਜੇ 10 ਬੰਦੇ ਛੱਡ ਕੇ ਜਾਂਦੇ ਹਨ ਤਾਂ ਅਸੀਂ ਉਸ ਪੱਧਰ ਦੇ 110 ਹੋਰ ਪੈਦਾ ਕਰਾਂਗੇ। ਜਿਨ੍ਹਾਂ ਨੂੰ ਅਸੀ ਸੁੱਕ ਗਈ ਲੱਕੜ ਕਰਕੇ ਸੁਟਾਂਗੇ ਦੂਜੇ ਚੁੱਕ ਕੇ ਇਸ ਦੀ ਅੱਗ ਬਾਲਣਗੇ। ਉਹ ਉਨ੍ਹਾਂ ਨੂੰ ਸਾਡੇ ਵਿਰੁੱਧ ਵਰਤਣਗੇ।

**ਸਵਾਲ: ਤੁਸੀਂ ਕਿਹਾ ਹੈ ਕਿ ਤੁਸੀਂ ਬਾਹਰਲੇ ਮੁਲਕਾਂ ਤੋਂ ਕੋਈ ਧਨ ਨਹੀਂ ਲਿਆ ਹੈ ?**

ਕਾਂਸ਼ੀ ਰਾਮ: ਜਦੋਂ ਮੈ ਦੋ ਸਾਲ ਪਹਿਲਾਂ ਇੰਗਲੈਂਡ ਗਿਆ ਸੀ ਉੱਥੇ 7 ਲੱਖ ਚਮਾਰਾਂ ਨੂੰ ਮਿਲਿਆ। ਉਨ੍ਹਾਂ ਨੇ ਮੈਨੂੰ ਫ਼ੰਡਾਂ ਦੀ ਭੇਟ ਕੀਤੀ। ਮੈਂ ਇਹ ਲੈਣ ਤੋਂ ਨਾਂਹ ਕਰ ਦਿੱਤੀ, ਭਾਂਵੇਂ ਉਥੋਂ ਇੰਦਰਾ ਗਾਂਧੀ, ਰਾਜੀਵ ਗਾਂਧੀ ਤੇ ਬੂਟਾ ਸਿੰਘ ਨੇ ਫੰਡ ਲਏ ਸਨ। ਗੁਰੂ ਰਵਿਦਾਸ ਗੁਰਦੁਆਰਾ ਬਰਮਿੰਘਮ ਵਿੱਚ ਜੋ ਹੈ ਉਨ੍ਹਾਂਨੇ ਬਾਬੂਜੀ ਨੂੰ ਵੀ ਫੰਡ ਦਿੱਤੇ ਸਨ। ਮੈਂ ਹੀ ਇੱਕ ਸੀ ਜਿਹਨੇ ਉਥੋਂ ਫੰਡ ਨਹੀਂ ਲਏ।

**ਸਵਾਲ: ਤੁਸੀਂ ਕਿਦਾਂ ਦੀ ਤਬਦੀਲੀ ਚਾਹੁੰਦੇ ਹੋ ?**

ਕਾਂਸ਼ੀ ਰਾਮ: ਮੈ ਆਰਜੀ ਤਬਦੀਲੀ ਨਹੀਂ ਚਾਹੁੰਦਾ। ਮੈਂ ਉਹ ਕੁੱਝ ਪ੍ਰਾਪਤ ਕਰਨਾ ਨਹੀਂ ਚਾਹੁੰਦਾ ਜਿਸ ਨੂੰ ਮੈਂ ਸੰਭਾਲ ਨਾ ਸਕਾਂ। ਆਓ ਅਸੀਂ ਉਹ ਪ੍ਰਾਪਤ ਕਰੀਏ ਜਿਸਨੂੰ ਅਸੀ ਹਾਸਲ ਕਰਨ ਦੇ ਕਾਬਲ ਹਾਂ। ਪਰ ਇਸਨੂੰ ਸੰਭਾਲਣਾ ਪਵੇਗਾ। ਇਸ ਦੀ ਸੰਭਾਲ ਸਿਰਫ਼ ਸਦੀਵੀ ਤਬਦੀਲੀ ਰਾਹੀਂ ਹੀ ਹੋ ਸਕਦੀ।

**ਸਵਾਲ: ਤੁਸੀਂ ਚੋਣਾਂ ਕਦੋਂ ਲੜਨਾ ਚਾਹੋਂਗੇ ?**

ਕਾਂਸੀ ਰਾਮ: ਮੈ ਉਦੋਂ ਖੜ੍ਹਾਂਗਾ ਜਦੋ ਮੇਰਾ 100 ਹਲਕਿਆਂ ਵਿੱਚ ਪ੍ਰਭਾਵ ਬਣ ਜਾਵੇ।

ਸਵਾਲ: ਇਸ ਨੂੰ ਕਿੰਨਾ ਸਮਾਂ ਲਗੇਗਾ ?

ਕਾਂਸ਼ੀ ਰਾਮ: ਵੱਧ ਤੋਂ ਵੱਧ ਦੋ ਸਾਲ

***ਅੰਬੇਦਕਰ ਟਾਈਮਜ਼ ਵੱਲੋਂ ਇੰਗਲਿਸ਼ ਵਿੱਚ ਇੰਟਰਵਿਊ ਉਪਲਬੱਧ ਕਰਵਾਉਣ ਲਈ ਸੀ ਐਲ ਚੁੰਬਰ ਜੀ ਦਾ ਧੰਨਵਾਦ।***